# ਤਬੈ ਰੋਸ ਜਾਗਿਯੋ

ਕਥਾਕਾਰ : ਪੰਜਾਬ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਐਸੀਆਂ ਘਟਨਾਵਾਂ ਹਨ, ਜਿਨਾਂ ਨੇ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਬਦਲਣ ਵਿਚ ਵੱਡਾ ਹਿੱਸਾ ਪਾਇਆ ਹੈ। ਗੁਰੂ ਗੋਬਿੰਦ ਸਿੰਘ ਨੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਜਿਥੇ ਜ਼ਾਤ ਪਾਤ ਦੇ ਫ਼ਰਕ ਨੂੰ ਮਿਟਾਉਣ ਦੀ ਨੀਂਹ ਰੱਖੀ। ਉਥੇ ਔਰਤਾਂ ਨੂੰ ਵੀ ਅੰਮ੍ਰਿਤ ਦੀ ਦਾਤ ਦੇ ਕੇ ਨਾ ਸਿਰਫ਼ ਮਰਦਾਂ ਨਾਲ ਬਰਾਬਰੀ ਦਾ ਹੱਕ ਦਿੱਤਾ। ਸਗੋਂ ਸੂਰਮਗਤੀ ਦਾ ਵੀ ਸਬਕ ਦਿੱਤਾ। ਇਹ ਗਾਥਾ ਇਕ ਔਰਤ ਦੀ ਵੀ ਹੈ ਅਤੇ ਨੌਸ਼ਹਿਰਾ ਦੇ ਚੌਧਰੀ ਸਾਹਿਬ ਰਾਏ ਦੀ ਵੀ ਹੈ। ਇਹ ਇਕ ਇਤਿਹਾਸਕ ਨਾਟਕ ਹੈ।

ਮੁਗ਼ਲ ਰਾਜ ਵਿਚ ਪੰਜਾਬ ਅੰਦਰ ਜ਼ਿਮੀਂਦਾਰਾਂ ਚੰਗਾ ਹੁੰਦਾ ਸੀ। ਪਿੰਡ ਦੇ ਚੌਧਰੀਆਂ ਦੀ ਬੜੀ ਤਾਕਤ ਹੁੰਦੀ ਸੀ। ਉਹ ਇਲਾਕੇ ਵਿਚ ਮਨਮਾਨੀਆਂ ਕਰ ਸਕਦੇ ਸਨ। ਉੱਤੋਂ ਦੇ ਹਾਕਮਾਂ ਨੂੰ ਖ਼ੁਸ਼ ਰੱਖ ਕੇ ਚੌਧਰੀ ਪਿੰਡ ਦੀ ਪਰਜਾ ਉਤੇ ਜੀ ਆਇਆ ਜ਼ੁਲਮ ਕਰ ਸਕਦੇ ਸਨ। ਪਿੰਡ ਨੌਸ਼ਹਿਰੇ ਦਾ ਚੌਧਰੀ ਸਾਹਿਬ ਰਾਏ ਬੜਾ ਹੰਕਾਰੀ ਤੇ ਅਤਿਆਚਾਰੀ ਸੀ। ਉਤਲੇ ਫੌਜਦਾਰਾਂ ਦੀ ਸ਼ਹਿ ਕਰਕੇ ਉਹ ਪਿੰਡ ਵਿਚ ਕਿਸੇ ਨੂੰ ਨਹੀਂ ਮਿਥਦਾ ਸੀ। ਉਸ ਦੀਆਂ ਘੋੜੀਆਂ ਸਦਾ ਲੋਕਾਂ ਦੇ ਖੇਤਾਂ ਵਿਚ ਖੁੱਲੀਆਂ ਫਿਰਦੀਆਂ ਤੇ ਫਸਲਾਂ ਉਜਾੜਦੀਆਂ ਸਨ। ਇਸ ਚੌਧਰੀ ਨੂੰ ਸਿੱਖਾਂ ਨੇ ਚੁਣੌਤੀ ਦਿੱਤੀ, ਇਹ ਕਥਾ ਹੀ ਇਹ ਨਾਟਕ ਹੈ। ਇਹ ਸੂਰਮਾਗਤੀ ਦੀ ਇਕ ਦਾਸਤਾਨ ਹੈ, ਜਿਸ ਵਿਚ ਬਘੇਲ ਸਿੰਘ ਦੀ ਸਿੰਘਣੀ ਨੇ ਇਕ ਮਹੱਤਵਪੂਰਨ ਹਿੱਸਾ ਪਾਇਆ।

(ਕਥਾਕਾਰ ਮੰਚ ਤੋਂ ਬਾਹਰ ਜਾਂਦਾ ਹੈ। ਚੌਧਰੀ ਆਪਣੇ ਅਹਿਲਕਾਰ ਨਾਲ ਦੂਜੇ ਪਾਸੇ ਤੋਂ ਆਉਂਦਾ ਹੈ)

ਚੌਧਰੀ : ਕਿਉਂ ਪਿੰਡ ਵਿਚ ਸਭ ਕੁਝ ਠੀਕ ਠਾਕ ਚਲ ਰਿਹਾ ਹੈ?

ਅਹਿਲਕਾਰ : ਪਹਿਲੇ ਤਾਂ ਸਭ ਠੀਕ ਠਾਕ ਚੱਲ ਰਿਹਾ ਸੀ ਜਨਾਬ। ਕੋਈ ਕੁਸਕਦਾ ਨਹੀਂ ਸੀ, ਜਿਹੜਾ ਕੁਸਕਦਾ ਸੀ, ਉਹ ਨੱਪ ਦਿੱਤਾ ਜਾਂਦਾ ਸੀ, ਜਨਾਬ। ਘੋੜੀਆਂ ਜਿਸਦੇ ਖੇਤ ਵਿਚ ਮਰਜ਼ੀ ਚਰਨ, ਕੋਈ ਰੋਕਦਾ ਨਹੀਂ ਸੀ, ਸਗੋਂ ਉਹ ਤਾਂ ਖ਼ੁਸ਼ਕਿਸਮਤੀ ਸਮਝਦੇ ਸਨ

ਕਿ ਚੌਧਰੀ ਸਾਹਿਬ ਦੀ ਘੋੜੀ ਨੇ ਉਹਨਾਂ ਦੇ ਖੇਤ ਵਿਚ ਪੈਰ ਪਾਇਆ ਹੈ, ਪਰ ਹੁਣ ਸੁਣਿਐ ਕਿ ਤਾਰਾ ਸਿੰਘ ਦੇ ਡੇਰੇ ਦੇ ਕੁਝ ਬੰਦੇ ਇਸ ਗੱਲ ਦਾ ਬੁਰਾ ਮਨਾਉਂਦੇ ਨੇ।

ਚੌਧਰੀ : ਉਹ ਬੁਰਾ ਮਨਾਉਂਦੇ ਨੇ ? ਕੀ ਉਹਨਾਂ ਨੂੰ ਸਾਡਾ ਡਰ ਨਹੀਂ ?

ਅਹਿਲਕਾਰ : ਡਰ ਪਹਿਲੇ ਹੁੰਦਾ ਸੀ, ਹੁਣ ਨਹੀਂ ਜਨਾਬ।

ਚੌਧਰੀ : ਕਿਉਂ ?

ਅਹਿਲਕਾਰ : ਤਾਰਾ ਸਿੰਘ ਦੇ ਡੇਰੇ ਉਹ ਮਿੱਠਾ ਪਾਣੀ ਪੀਂਦੇ ਨੇ ਤੇ ਫੇਰ ਉਹਨਾਂ ਦਾ ਸਾਰਾ ਡਰ ਦੂਰ ਹੋ ਜਾਂਦਾ ਏਂ ਜਨਾਬ

ਚੌਧਰੀ : ਮਿੱਠਾ ਪਾਣੀ ?

ਅਹਿਲਕਾਰ : ਉਸ ਨੂੰ ਉਹ ਅੰਮ੍ਰਿਤ ਕਹਿੰਦੇ ਨੇ, ਉਹਨਾਂ ਨੂੰ ਕਹਿੰਦੇ ਸੁਣਿਐ ਕਿ ਉਹ ਫੌਜਦਾਰ ਕੋਲੋਂ ਨਹੀਂ ਡਰਦੇ ਤਾਂ ਉਹ ਚੌਧਰੀ ਹੋਰਾਂ ਕੋਲੋਂ ਕਿਉਂ ਡਰਨ।

ਚੌਧਰੀ : ਉਹਨਾਂ ਨੂੰ ਡਰਨਾ ਚਾਹੀਦਾ ਏ, ਅਸੀਂ ਇਸ ਇਲਾਕੇ ਦੇ ਮਾਲਕ ਹਾਂ। ਅਸੀਂ ਫੌਜਦਾਰ ਨੂੰ ਪੰਜ ਹਜ਼ਾਰ ਨਕਦ ਦਿੱਤਾ ਹੈ ਤੇ ਇਸ ਇਲਾਕੇ ਦੇ ਚੌਧਰੀ ਹੋਣ ਦਾ ਹੱਕ ਲਿਆ ਏ ਤੇ ਇਹ ਪੰਜ ਹਜ਼ਾਰ ਕਿਹੜਾ ਅਸੀਂ ਖਰਚਿਆ ਏ, ਅਸੀ ਲੋਕਾਂ ਕੋਲੋਂ ਹੀ ਕੱਢਣਾ ਏਂ

ਅਹਿਲਕਾਰ : ਹਾਂ ਜਨਾਬ, ਇਹ ਲੋਕਾਂ ਕੋਲੋਂ ਹੀ ਕੱਢਣਾ ਏ, ਇਹ ਤਾਂ ਹਕੂਮਤਾਂ ਦਾ ਦਸਤੂਰ ਏ, ਵੱਡੇ ਹਾਕਮ ਛੋਟੇ ਕੋਲੋਂ ਕਢਦੇ ਨੇ ਛੋਟੇ ਹਾਕਮ ਉਸ ਤੋਂ ਛੋਟੇ ਹਾਕਮ ਕੋਲੋਂ ਕੱਢਦੇ ਨੇ ਤੇ ਸਭ ਤੋਂ ਛੋਟਾ ਹਾਕਮ ਫੇਰ ਲੋਕਾਂ ਕੋਲੋਂ ਕੱਢਦਾ ਏ। ਇਹ ਚੱਕਰ ਇਸ ਤਰ੍ਹਾਂ ਹੀ ਚਲਦਾ ਏ, ਜਨਾਬ।

ਚੌਧਰੀ : ਤੇ ਲੋਕ ਐਵੇਂ ਨਹੀਂ ਦੇਂਦੇ, ਜੇ ਉਹਨਾਂ ਨੂੰ ਚੌਧਰੀ ਦਾ ਡਰ ਨਾ ਹੋਵੇ, ਫੌਜਦਾਰ ਦੀ ਦਹਿਸ਼ਤ ਨਾ ਹੋਵੇ।

ਅਹਿਲਕਾਰ : ਹਾਂ ਜਨਾਬ ਦਹਿਸ਼ਤ ਤਾਂ ਹੋਣੀ ਹੀ ਚਾਹੀਦੀ ਏ, ਹੁਣ ਪਹਿਲਾਂ ਚੌਧਰੀ ਨਰਮ ਦਿਲ ਸੀ। ਉਸ ਨੇ ਕਿਸਾਨਾਂ ਨੂੰ ਖੁੱਲ ਦਿੱਤੀ ਹੋਈ ਸੀ, ਉਹ ਬਣਦਾ ਲਗਾਨ ਉਸ ਨੂੰ ਪੁਚਾ ਦੇਂਦੇ ਸਨ, ਉਹ ਲੋਕਾਂ ਦੀ ਜ਼ਿੰਦਗੀ ਵਿਚ ਦਖ਼ਲ ਨਹੀਂ ਸੀ ਦੇਂਦਾ। ਜਨਾਬ, ਉਹਦੇ ਵਿਚ ਹਾਕਮਾਂ ਵਾਲੀ ਕੋਈ ਗੱਲ ਨਹੀਂ ਸੀ। ਭਲਾ ਉਹ ਹਾਕਮ ਕੀ, ਜਿਹੜਾ ਲੋਕਾਂ ਨੂੰ ਡੰਡਾ ਨਾ ਚੜ੍ਹਾਏ।

ਚੌਧਰੀ : ਇਹ ਸਿੱਖਾਂ ਦੇ ਡੇਰੇ ਵੀ ਉਹ ਵਕਤ ਹੀ ਕਾਇਮ ਹੋਏ ਨੇ। ਉਂਞ ਉਸ ਚੌਧਰੀ ਦੀ ਖੁਸ਼ਕਿਸਮਤੀ ਸੀ ਕਿ ਉਸ ਵੇਲੇ ਫੌਜਦਾਰ ਵੀ ਨਰਮ ਸੀ ਤੇ ਉਹ ਚੌਧਰੀ ਨੂੰ ਕੋਈ ਸਵਾਲ ਨਹੀਂ ਸੀ ਪਾਉਂਦਾ ਪਰ ਇਹ

ਫੌਜਦਾਰ ਤਾਂ ਬਦ ਦਾ ਪੁਤਰ ਏ। ਹਰ ਵੇਲੇ ਕੋਈ ਨਾ ਕੋਈ ਸਵਾਲ ਪਾਈ ਰਖਦਾ ਏ। ਔਰਤਾਂ ਦਾ ਵੀ ਸ਼ੁਕੀਨ ਏਂ।

ਅਹਿਲਕਾਰ : ਇਸ ਗਲੋਂ ਤਾਂ ਇਹ ਅਸਲੀ ਫੌਜਦਾਰ ਏ, ਭਲਾ ਉਹ ਹਾਕਮ ਵੀ ਕੀ ਹੋਇਆ ਜੋ ਔਰਤਾਂ ਦਾ ਸ਼ੁਕੀਨ ਨਾ ਹੋਵੇ, ਹੁਣ ਤੁਸੀਂ ਵੀ ਤਾਂ ਇਹ ਸ਼ੌਕ ਰਖਦੇ ਹੋ। ਸਾਰੇ ਇਲਾਕੇ ਵਿਚ ਤੁਹਾਡੇ ਇਸ ਸ਼ੌਕ ਦੀ ਚਰਚਾ ਏ ਜਨਾਬ।

ਚੌਧਰੀ : ਹਾਕਮਾਂ ਨੂੰ ਬੜੇ ਫਿਕਰ ਹੁੰਦੇ ਨੇ ਤੇ ਇਹ ਫ਼ਿਕਰ ਦੂਰ ਕਰਨ ਵਾਸਤੇ ਉਹਨਾਂ ਨੂੰ ਸ਼ਰਾਬ ਪੀਣੀ ਹੀ ਪੈਂਦੀ ਏ ਤੇ ਸ਼ਰਾਬ ਦਾ ਲੁਤਫ਼ ਹੀ ਤਾਂ ਏਂ ਕਿ ਕੋਈ ਪਿਆਉਣ ਵਾਲੀ ਹੋਵੇ।

ਅਹਿਲਕਾਰ : ਆਹੋ ਜੀ ਹਾਕਮਾਂ ਨੇ ਕਿਹੜਾ ਪੱਲਿਉਂ ਪੀਣੀ ਹੁੰਦੀ ਏ, ਲੋਕਾਂ ਦੀ ਛਿੱਲ ਹੀ ਲਾਹੁਣੀ ਹੁੰਦੀ ਏ। ਹੁਣ ਰਾਤ ਵਾਲੀ ਮਹਿਫ਼ਲ ਵਿਚ ਜੇਕਰ ਕਸੂਰ ਵਾਲੀ ਨਾ ਆਉਂਦੀ ਤਾਂ ਲੁਤਫ਼ ਥੋੜਾ ਆਉਣਾ ਸੀ ?

ਚੌਧਰੀ : ਉਹ ਰਾਤ ਵਾਲੀ ਤਾਂ ਚੀਜ਼ ਹੀ ਬੜੀ ਸੀ, ਨੱਚਦੀ ਸੀ ਤਾਂ ਇੰਜ ਲਗਦਾ ਸੀ ਕਿ ਬਿਜਲੀਆਂ ਡਿਗ ਦੀਆਂ ਨੇ

ਅਹਿਲਕਾਰ : ਇਸੇ ਲਈ ਤੁਸੀਂ ਸਾਰੇ ਸ਼ਮ੍ਹਾ ਦਾਨ ਬੁਝਾ ਦਿੱਤੇ ਸਨ ਤਾਂ ਜੋ ਹਨੇਰੇ ਵਿਚ ਹੀ ਬਿਜਲੀਆਂ ਡਿੱਗਣ।

ਚੌਧਰੀ : ਤੂੰ ਬੜਾ ਸ਼ਰਾਰਤੀ ਹੋ ਗਿਆ ਏਂ।

ਅਹਿਲਕਾਰ : ਇਹ ਸਭ ਤੁਹਾਡੀ ਮੇਹਰਬਾਨੀ ਏ ਜਨਾਬ।

ਚੌਧਰੀ : (ਇਕ ਪਾਸੇ ਦੇਖਦਾ ਹੋਇਆ) ਇਹ ਬੰਦਾ ਕੌਣ ਏ ? ਬੜੀ ਗੁਸਤਾਖੀ ਨਾਲ ਚਲਦਾ ਆ ਰਿਹਾ ਏ।

ਅਹਿਲਕਾਰ : ਜਨਾਬ ਇਹ ਤਾਰਾ ਸਿੰਘ ਡੇਰੇ ਦਾ ਬੰਦਾ ਲਗਦਾ ਹੈ। (ਇਤਨੇ ਵਿਚ ਬਘੇਲ ਸਿੰਘ ਮੰਚ 'ਤੇ ਆਉਂਦਾ ਹੈ)

ਚੌਧਰੀ : (ਉਸ ਨੂੰ ਉਤੋਂ ਥੱਲਿਉਂ ਵੇਖ ਕੇ) ਕੌਣ ਏ ਤੂੰ ?

ਬਘੇਲ ਸਿੰਘ : ਦੁਨੀ ਚੰਦ ਉਰਫ਼ ਬਘੇਲ ਸਿੰਘ।

ਚੌਧਰੀ : ਬਘੇਲ ਸਿੰਘ ਇਹ ਉਰਫ਼ ਕੀ ਹੋਇਆ ?

ਬਘੇਲ ਸਿੰਘ : ਜਨਾਬ ਬਘੇਲ ਸਿੰਘ ਦਾ ਮਤਲਬ ਏ ਬੱਬਰ ਸ਼ੇਰ-ਦੁਨੀ ਚੰਦ ਉਰਫ਼ ਬਘੇਲ ਸਿੰਘ ਦਾ ਮਤਲਬ ਹੋਇਆ ਕਿ ਇਹ ਪਹਿਲੇ ਦੁਨੀ ਚੰਦ ਸੀ ਤੇ ਹੁਣ ਬਘੇਲ ਸਿੰਘ ਹੋ ਗਿਆ ਏ। ਯਾਨੀ ਕਿ ਪਹਿਲੇ ਚੂਹਾ ਸੀ ਤੇ ਹੁਣ ਸ਼ੇਰ ਹੋ ਗਿਆ ਏ।

ਚੌਧਰੀ : ਕੀ ਚਾਹੁੰਦਾ ਏਂ ਤੂੰ ?

ਬਘੇਲ ਸਿੰਘ : ਮੈਂ ਤੁਹਾਡੀ ਪਰਜਾ ਹਾਂ, ਤੇ ਤੁਹਾਨੂੰ ਪਰਜਾ ਦਾ ਦੁੱਖ ਦਸਣਾ ਏ।

ਚੌਧਰੀ : ਕੀ ਦੁਖ ਏ ਪਰਜਾ ਨੂੰ ?

ਬਘੇਲ ਸਿੰਘ : ਤੁਹਾਡੇ ਅਹਿਲਕਾਰ ਸਾਡੀਆਂ ਪੈਲੀਆਂ ਵਿਚ ਘੋੜੀਆਂ ਛੱਡ ਦੇਂਦੇ ਨੇ, ਜੋ ਸਾਡੀਆਂ ਖੜੀਆਂ ਫਸਲਾਂ ਉਜਾੜ ਦੇਂਦੀਆਂ ਨੇ

ਚੌਧਰੀ : ਤੁਹਾਡੀਆਂ ਫਸਲਾਂ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਏ ਕਿ ਇਸ ਇਲਾਕੇ ਵਿਚ ਖੇਤ ਸਾਡੇ ਹਨ, ਫਸਲਾਂ ਸਾਡੀਆਂ ਨੇ ਤੁਹਾਡੀਆਂ ਨਹੀਂ।

ਬਘੇਲ ਸਿੰਘ : ਪਰ ਅਸੀਂ ਇਹਨਾਂ ਨੂੰ ਉਗਾਉਂਦੇ ਹਾਂ, ਅਸੀਂ ਹਲ ਚਲਾਉਂਦੇ ਹਾਂ, ਪਾਣੀ ਦੇਂਦੇ ਹਾਂ। ਉਨ੍ਹਾਂ ਨੂੰ ਵੱਡਿਆਂ ਕਰਦੇ ਹਾਂ।

ਚੌਧਰੀ : ਤੁਸੀਂ ਮਿੱਟੀ ਨਾਲ ਮਿੱਟੀ ਹੁੰਦੇ ਹੋ, ਦਾਣਾ ਦਾਣਾ ਬੀਜਦੇ ਹੋ, ਪਾਣੀ ਦੇਂਦੇ ਹੋ, ਉਨ੍ਹਾਂ ਨੂੰ ਵੱਡਿਆਂ ਕਰਦੇ ਹੋ, ਇਹ ਤੁਹਾਡਾ ਫਰਜ਼ ਏ।

ਬਘੇਲ ਸਿੰਘ : ਪਰ ਤੁਹਾਡਾ ਵੀ ਕੋਈ ਫਰਜ਼ ਏ।

ਚੌਧਰੀ : ਅਸੀਂ ਆਪਣਾ ਫਰਜ਼ ਜਾਣਦੇ ਹਾਂ, ਇਹ ਤੈਨੂੰ ਦਸਣ ਦੀ ਲੋੜ ਨਹੀਂ, ਤੂੰ ਕੁਝ ਹੋਰ ਕਹਿਣਾ ਏ ?

ਬਘੇਲ ਸਿੰਘ : ਮੈਂ ਬਸ ਇਹੀ ਕਹਿਣਾ ਏ ਕਿ ਜੇਕਰ ਤੁਸੀਂ ਆਪਣੀਆਂ ਘੋੜੀਆਂ ਨੂੰ ਬੰਨਿਆਂ ਨਾ, ਲਗਾਮ ਨਾ ਪਾਈ ਤਾਂ ਇਹਦਾ ਨਤੀਜਾ ਚੰਗਾ ਨਹੀਂ ਨਿਕਲੇਗਾ।

ਚੌਧਰੀ : ਤੂੰ ਸਾਨੂੰ ਧਮਕੀ ਦੇਂਦਾ ਏ ?

ਬਘੇਲ ਸਿੰਘ : ਇਹਨੂੰ ਧਮਕੀ ਸਮਝੋ ਜਾਂ ਅਰਜ਼ ਸਮਝੋ, ਮੈਂ ਜੋ ਕਹਿਣਾ ਸੀ ਕਹਿ ਦਿੱਤਾ। ਬਸ ਆਦਾਬ ਅਰਜ (ਪਿੱਠ ਮੋੜ ਕੇ ਵਾਪਸ ਚਲ ਪੈਂਦਾ ਹੈ)

ਚੌਧਰੀ : ਆਦਾਬ ਅਰਜ਼–ਹੈ ਗੁਸਤਾਖ, ਅਖੇ ਘੋੜੀਆਂ ਨੂੰ ਬੰਨ੍ਹ ਲਵੋ, ਹਾਂ ਬੰਨ੍ਹ ਲਵਾਂਗੇ ਤੇ ਉਨ੍ਹਾਂ ਨੂੰ ਬੰਨਣ ਲਈ ਰਸੇ ਤੁਹਾਡੇ ਇਨਾਂ ਲੰਮੇ ਵਾਲਾਂ ਦੇ ਬਣਾਵਾਂਗੇ, ਜੋ ਤੁਹਾਡੇ ਗੁਰੂ ਨੇ ਤੁਹਾਨੂੰ ਰੱਖਣ ਲਈ ਕਹੇ ਨੇ।

ਅਹਿਲਕਾਰ : ਹਾਂ ਜੀ ਲੰਮੇ ਵਾਲਾਂ ਦੇ ਹੀ ਬਣਾਵਾਂਗੇ।

ਚੌਧਰੀ : ਇਹ ਬਗਾਵਤ ਦੇ ਆਸਾਰ ਨੇ, ਆਪਣੇ ਘੋੜ ਸਵਾਰਾਂ ਨੂੰ ਹੁਕਮ ਦਿਓ ਕਿ ਸਾਰੀਆਂ ਘੋੜੀਆਂ ਕਿਸਾਨਾਂ ਦੇ ਖੇਤਾਂ ਵਿਚ ਖੁੱਲ੍ਹੀਆਂ ਛੱਡ ਦਿੱਤੀਆਂ ਜਾਣ, ਉਹ ਖੜੀਆਂ ਫਸਲਾਂ ਨੂੰ ਉਜਾੜਨ ਤੇ ਜਿਹੜੀਆਂ ਬਚ ਜਾਣ। ਉਨਾਂ ਨੂੰ ਸਿਪਾਹੀ ਉਜਾੜਣ। ਇਹ ਹੁਕਮਰਾਨਾਂ ਦੇ ਅਸੂਲ ਨੇ, ਜਿਸ ਧਰਤੀ ਤੋਂ ਬਗਾਵਤ ਉਠੇ, ਉਹ ਧਰਤੀ ਉਜਾੜ ਕੇ ਰੱਖ ਦਿੱਤੀ ਜਾਏ।

ਅਹਿਲਕਾਰ : ਇਸ ਤਰ੍ਹਾਂ ਹੀ ਹੋਏਗਾ ਹਜ਼ੂਰ। (ਚੌਧਰੀ ਜਾਂਦਾ ਹੈ ਤੇ ਪਿਛੇ ਪਿਛੇ ਅਹਿਲਕਾਰ ਜਾਂਦਾ ਹੈ। )

(ਬਘੇਲ ਸਿੰਘ ਤਾਈਂ ਡਰਾਉਂਦਾ ਸਾਹਿਬ ਰਾਏ ਚੌਧਰੀ ਬੋਲਦਾ ਉਹ
ਕਬੋਲ ਮੱਤਾ ਹੰਕਾਰ ਦਾ ਮੰਨੇਗਾ ਨਾ ਜੋ ਈਨ ਮੇਰੀ ਰਹੇਗਾ ਨਾ
ਨਸ਼ਾਨ ਬਾਕੀ ਤੇਰੇ ਘਰ ਬਾਰ ਦਾ
ਪਰ ਸਾਹਿਬ ਰਾਏ ਕੀ ਜਾਣੇ ਡਰਦੇ ਨਹੀਂ ਸੂਰਮੇ
ਜਾਣਦੇ ਉਹ ਵੀ ਨੇ ਰਾਹ ਡਾਰ ਦਾ
ਸੀਨ ਪਹਿਲਾ ਸਮਾਪਤ)

## ਸੀਨ ਦੂਜਾ

(ਬਘੇਲ ਸਿੰਘ ਦਾ ਘਰ, ਉਹ ਦਸਤਾਰ ਬੰਨ ਰਿਹਾ ਹੈ। ਸਿੰਘਣੀ ਅੰਦਰੋਂ ਆਉਂਦੀ ਹੈ)

ਸਿੰਘਣੀ : ਉਹ ਹੁਣ ਤੁਸੀਂ ਕਿਧਰ ਦੀ ਤਿਆਰੀ ਕੱਸੀ ਏ ?

ਬਘੇਲ ਸਿੰਘ : ਬਸ ਇਕ ਮੁਹਿੰਮ ਤੇ ਜਾਣਾ ਏ।

ਸਿੰਘਣੀ : ਚੌਧਰੀ ਵਾਲੀ ?

ਬਘੇਲ ਸਿੰਘ : ਹਾਂ ਇਸ ਚੌਧਰੀ ਨੂੰ ਸਬਕ ਸਿਖਾਉਣਾ ਹੁਣ ਜ਼ਰੂਰੀ ਹੋ ਗਿਆ ਏ

ਸਿੰਘਣੀ : ਪਰ ਚੌਧਰੀ ਵਲੋਂ ਜੋ ਇਸ ਦਾ ਜਵਾਬ ਦਿੱਤਾ ਜਾਏਗਾ, ਉਹਦੇ ਲਈ ਵੀ ਤਿਆਰ ਰਹਿਣਾ ਪਵੇਗਾ।

ਬਘੇਲ ਸਿੰਘ : ਕੀ ਮਤਲਬ ?

ਸਿੰਘਣੀ : ਤੁਸੀਂ ਉਹਦੀਆਂ ਘੋੜੀਆਂ ਲੈ ਕੇ ਜਾਓਗੇ ਤਾਂ ਇਸ ਦਾ ਬਦਲਾ ਇਸ ਘਰ ਤੋਂ ਲਏਗਾ, ਮੇਰੇ ਤੋਂ ਲਏਗਾ।

ਬਘੇਲ ਸਿੰਘ : ਤਾਂ ਤੂੰ ਡਰ ਗਈ ਏਂ ?

ਸਿੰਘਣੀ : ਆਹੋ ਡਰ ਗਈ ਹਾਂ, ਤੁਸੀਂ ਕਿਹੜਾ ਮੈਨੂੰ ਭਾਈ ਤਾਰਾ ਸਿੰਘ ਜੀ ਦੇ ਡੇਰੇ ਲੈ ਗਏ ਸੀ ਕਿ ਮੈਂ ਸੂਰਮਗਤੀ ਦਾ ਸਬਕ ਲੈ ਸਕਾਂ

ਬਘੇਲ ਸਿੰਘ : ਇਹ ਤੂੰ ਸ਼ਿਕਾਇਤ ਕਰ ਰਹੀ ਏਂ ?

ਸਿੰਘਣੀ : ਤੁਸੀਂ ਆਪ ਤਾਂ ਚਲੇ ਗਏ ਤੇ ਸਿੰਘ ਵੀ ਸੱਜ ਗਏ ਪਰ ਮੇਰੀ ਵਾਰੀ ਟਾਲ ਗਏ।

ਬਘੇਲ ਸਿੰਘ : ਕੁਝ ਕੰਮ ਐਸ ਹੁੰਦੇ ਨੇ ਜੋ ਤੀਵੀਆਂ ਦੇ ਕਰਨ ਵਾਲੇ ਨਹੀਂ ਹੁੰਦੇ

ਸਿੰਘਣੀ : ਆਹੋ, ਤੁਸੀਂ ਮਰਦ ਤਾਂ ਇਹੋ ਚਾਹੁੰਦੇ ਹੋ ਕਿ ਤੀਵੀਆ ਹਮੇਸ਼ਾਂ ਅਬਲਾ ਹੀ ਰਹਿਣ, ਮਜ਼ਬੂਰ ਹੀ ਰਹਿਣ। ਧਾੜਵੀ ਜਦੋਂ ਚਾਹੁੰਣ, ਉਨ੍ਹਾਂ ਨੂੰ ਗਾਵਾਂ ਦੇ ਇੱਜੜਾਂ ਵਾਂਗ ਅੱਗੇ ਲਾ ਲੈਣ। ਹਮੇਸ਼ਾਂ ਮਰਦ ਦੀ ਹਵਸ ਦਾ ਉਹ ਸ਼ਿਕਾਰ ਰਹਿਣ। ਆਪਣੀ ਰਖਿਆ ਆਪ ਨਾ ਕਰਨ, ਸਗੋਂ ਉਡੀਕਦੀਆਂ ਰਹਿਣ ਕਿ ਕਦੋਂ ਕੋਈ ਮਰਦ ਉਨ੍ਹਾਂ ਦੇ ਬਚਾਅ ਲਈ ਆਵੇ।

ਬਘੇਲ ਸਿੰਘ : ਮੈਂ ਕਦੋਂ ਇਹ ਚਾਹੁੰਦਾ ਹਾਂ ? ਮੈਂ ਤਾਂ ਸਗੋਂ ਇਹ ਚਾਹੁੰਦਾ ਹਾਂ ਕਿ ਤੀਵੀਆਂ ਸਗੋਂ ਮਜੀਠੇ ਪਿੰਡ ਦੀਆਂ ਤੀਵੀਆਂ ਵਾਕਣ ਹੋਣ, ਜਿਨਾਂ ਨੇ ਆਪਣੇ ਉਹਨਾਂ ਮਰਦਾਂ ਨੂੰ ਮੂੰਹ ਨਹੀਂ ਸੀ ਲਾਇਆ, ਜੋ ਗੁਰੂ ਨੂੰ ਬੇਦਾਅਵਾ ਲਿਖ ਕੇ ਦੇ ਆਏ ਸਨ

ਸਿੰਘਣੀ : ਹਾਂ, ਉਹਨਾਂ ਨੇ ਕਿਹਾ ਸੀ ਕਿ ਜੇ ਉਹਨਾਂ ਦੇ ਮਰਦ ਮੁਸ਼ਕਲ ਵੇਲੇ ਗੁਰੂ ਨੂੰ ਬੇਦਾਅਵਾ ਲਿਖ ਕੇ ਦੇ ਆਏ ਸਨ ਕਿ ਨਾ ਤੂੰ ਸਾਡਾ ਗੁਰੂ ਨਾ ਅਸੀਂ ਤੇਰੇ ਸਿੱਖ ਤਾਂ ਸਾਡੇ ਵਲੋਂ ਤੁਹਾਨੂੰ ਇਹ ਬੇਦਾਅਵਾ ਏ ਕਿ ਨਾ ਤੁਸੀਂ ਸਾਡੇ ਮਰਦ ਅਤੇ ਨਾ ਹੀ ਅਸੀਂ ਤੁਹਾਡੀਆਂ ਤੀਵੀਆਂ।

ਬਘੇਲ ਸਿੰਘ : ਮੈਂ ਤਾਂ ਕਦੋਂ ਦਾ ਇਰਾਦਾ ਬਣਾਇਆ ਹੋਇਆ ਸੀ ਕਿ ਤੈਨੂੰ ਵੀ ਸਿੰਘਣੀ ਸਜਾਉਣਾ ਏਂ।

ਸਿੰਘਣੀ : ਤੁਸੀਂ ਰਹਿਣ ਦਿਓ, ਮਰਦ ਤੁਸੀਂ ਸਾਰੇ ਇਕੋ ਜਿਹੇ ਹੁੰਦੇ ਹੋ। ਤੇ ਤੁਹਾਡੀ ਜਾਣਕਾਰੀ ਲਈ ਮੈਂ ਦੱਸ ਦੇਵਾਂ ਕਿ ਭਾਵੇਂ ਮੈਂ ਭਾਈ ਤਾਰਾ ਸਿੰਘ ਜੀ ਦੇ ਡੇਰੇ ਨਹੀਂ ਗਈ, ਮੈਂ ਸਿੰਘਣੀ ਹੁਣ ਜ਼ਰੂਰ ਹਾਂ। ਤੁਸੀਂ ਜਿਹੜੇ ਕੰਮ ਚੱਲੇ ਹੋ, ਬੇਸ਼ਕ ਜਾਓ, ਮੈਂ ਆਪਣੀ ਰਖਿਆ ਆਪ ਕਰਨ ਦੇ ਯੋਗ ਹਾਂ, ਮੇਰੇ ਗੁਰੂ ਮੇਰੇ ਸਹਾਈ ਹੋਣਗੇ ਤੇ ਮੈਨੂੰ ਉਹ ਬਲ ਬਖਸ਼ਣਗੇ ਕਿ ਮੈਂ ਹਰ ਮੁਸ਼ਕਲ ਦਾ ਸਾਹਮਣਾ ਕਰ ਸਕਾਂ, ਜੇ ਚਵਿੰਡੇ ਦੀਆਂ ਤੀਵੀਆਂ ਆਪਣੀ ਰਖਿਆ ਆਪ ਕਰ ਸਕਦੀਆਂ ਨੇ ਤੇ ਅਸੀਂ ਵੀ ਕਰ ਸਕਦੀਆਂ ਹਾਂ।

ਬਘੇਲ ਸਿੰਘ : ਇਹ ਚਵਿੰਡੇ ਦੀ ਵੀਰ ਗਾਥਾ ਤੂੰ ਕਿਥੋਂ ਸੁਣ ਲਈ ?

ਸਿੰਘਣੀ : ਬੱਸ ਸੁਣ ਲਈ, ਅਸੀਂ ਤੀਵੀਆਂ ਜਦੋਂ ਇਕੱਠੀਆਂ ਬੈਠਦੀਆਂ ਹਾਂ ਤਾਂ ਸਿਰਫ਼ ਆਪਣੇ ਬੱਚਿਆਂ ਅਤੇ ਟੱਬਰਾਂ ਦੀਆਂ ਗੱਲਾਂ ਨਹੀਂ ਕਰਦੀਆਂ, ਹੋਰ ਵੀ ਗੱਲਾਂ ਕਰਦੀਆਂ ਹਾਂ।

ਬਘੇਲ ਸਿੰਘ : ਕੀ ਗੱਲਾਂ ਕਰਦੀਆਂ ਹੋ ?

ਸਿੰਘਣੀ : ਜੋ ਕੁਝ ਸਾਡੇ ਆਲੇ ਦੁਆਲੇ ਹੁੰਦਾ ਏ ਤੇ ਚਵਿੰਡਾ ਦੀ ਗਾਥਾ ਤਾਂ ਸ਼ਾਂਤੀ ਨੇ ਸੁਣਾਈ ਏ ਅਖੇ ਚਵਿੰਡਾ ਦਾ ਜਥੇਦਾਰ ਮੁਗਲਾਂ ਦੀਆਂ ਅੱਖਾਂ ਵਿਚ ਚੁੱਭਦਾ ਸੀ, ਉਹਦੇ ਪੁੱਤਰ ਦਾ ਵਿਆਹ ਸੀ, ਕਿਸੇ ਮੁਖਬਰ ਨੇ ਚੌਧਰੀ ਨੂੰ ਖ਼ਬਰ ਕਰ ਦਿੱਤੀ ਕਿ ਉਸ ਰਾਤ ਸਾਰੇ ਮਰਦ ਜੰਞ 'ਤੇ ਗਏ ਹੋਣਗੇ, ਤੀਵੀਆਂ ਇਕੱਲੀਆਂ ਹੋਣਗੀਆਂ.. ਬਸ ਧਾੜਵੀ ਆ ਗਏ, ਪਰ ਤੀਵੀਆਂ ਡਰੀਆਂ ਨਹੀਂ ਸਗੋਂ ਉਨ੍ਹਾਂ ਨੇ ਮੋਰਚੇ ਸਾਂਭ ਲਏ ਤੇ ਧਾੜਵੀਆਂ ਨੂੰ ਮਾਰ ਭਜਾਇਆ। ਸ਼ਾਂਤੀ ਨੇ ਤਾਂ ਉਹ ਕਬਿਤ ਵੀ ਸੁਣਾਇਆ ਜੇ ਇਸ ਘਟਨਾ ਬਾਰੇ ਤੀਵੀਆਂ

ਨੇ ਜੋੜਿਆ ਸੀ, ਮੈਂ ਤਾਂ ਉਹ ਚੇਤੇ ਵੀ ਕਰ ਲਿਆ।

ਬਘੇਲ ਸਿੰਘ : ਤੁਹਾਨੂੰ ਤੀਵੀਆਂ ਨੂੰ ਆਪਣੇ ਮਤਲਬ ਦੀ ਗਲ ਝੱਟ ਚੇਤੇ ਹੋ ਜਾਂਦੀ ਏ ਤੇ ਸੁਣਾ ਖਾਂ ਭਲਾ ਕੀ ਕਬਿਤ ਏ ?

ਸਿੰਘਣੀ : ਚੌਧਰੀ ਪਹਿਲੇ ਆਪਣੇ ਸਿਪਾਹੀਆਂ ਨੂੰ ਕਹਿੰਦਾ ਹੈ (ਗਲਾ ਸਾਫ਼ ਕਰਦੀ ਹੈ)

ਚਲੋ ਬੰਨ੍ਹ ਲਓ, ਇਹ ਸਭ ਔਰਤਾਂ
ਕੂੰਜਾ ਹੱਥ ਨੇ ਸਬੱਬ ਨਾਲ ਆਈਆਂ
ਢੋ ਢੋਇਆ ਵੇਖੋ ਕੈਸਾ, ਅੱਲ੍ਹਾ ਪਾਕ ਨੇ
ਹੂਰਾ ਜੰਨਤੀ ਜ਼ਮੀਨ ਤੇ ਪੁਚਾਈਆਂ
ਕੂੰਜਾ ਹੱਥ ਨੇ ਸਬੱਬ ਨਾਲ ਆਈਆਂ

ਬਘੇਲ ਸਿੰਘ : ਵਾਹ ਖ਼ੂਬ – ਫੇਰ ਕੀ ਹੋਇਆ ?

ਸਿੰਘਣੀ :
ਗੁੱਸਾ ਖਾ ਕੇ ਸਿੰਘਣੀਆਂ ਧੂਹੀਆਂ ਤਲਵਾਰਾਂ
ਰੂਪ ਮੌਤਾਂ ਦਾ ਧਾਰਿਆ ਸੁਹਲ ਮੁਟਿਆਰਾਂ
ਕਹਿਰੀ ਹਲਾ ਬੋਲਿਆ ਦਿਲ ਖਾ ਕੇ ਖਾਰਾ
ਲਹੂ ਵਿਚ ਧੋ ਧੋ ਕੱਢੀਆਂ ਫੌਲਾਦੀ ਧਾਰਾਂ
ਹੋ ਗਈ ਧਰਤੀ ਰੰਗਲੀ ਫੁੱਲ ਝੜੇ ਅਨਾਰਾਂ
ਪਿੜ ਵਿਚ ਸਕੇ ਠਹਿਰ ਨਾ ਉਹ ਮੁਗਲ ਹਜ਼ਾਰਾਂ
ਸ਼ੀਂਹਣੀਆਂ ਅਗੇ ਨਸ ਪਏ ਮਿਰਗਾਂ ਦੀਆਂ ਡਾਰਾਂ
ਜਿੱਤ ਲਿਆ ਰਣ ਦੇਵੀਆਂ, ਜੱਗ ਗਾਊ ਵਾਰਾਂ

ਸਿੰਘਣੀ : ਹੁਣ ਤੁਸੀ ਮੇਰੇ ਵਲ ਇੰਝ ਕਿਉਂ ਦੇਖਦੇ ਪਏ ਹੋ ?

ਬਘੇਲ ਸਿੰਘ : ਮੈਨੂੰ ਤਾਂ ਹੁਣ ਤੂੰ ਵੀ ਸ਼ੀਹਣੀ ਪਈ ਲਗਦੀ ਏਂ

ਸਿੰਘਣੀ : ਤੇ ਹੋਰ ਕੀ ?

ਬਘੇਲ ਸਿੰਘ : ਹੁਣ ਮੈਂ ਤਸੱਲੀ ਨਾਲ ਆਪਣੇ ਫਰਜ਼ ਨਿਭਾਵਾਂਗਾ।

*(ਜਾਂਦਾ ਹੈ। ਸਿੰਘਣੀ ਉਹਦੇ ਮਗਰ ਦਰਵਾਜ਼ੇ ਤਕ ਜਾਂਦੀ ਹੈ, ਫੇਰ ਇਕ ਪ੍ਰਭਾਵ ਥੱਲੇ ਉਹਦੀ ਕ੍ਰਿਪਾਨ ਨੂੰ ਹੱਥ ਪਾਉਂਦੀ ਹੈ ਤੇ ਦੋਨੋ ਇਕੱਠੇ ਕਹਿੰਦੇ ਹਨ, ਤੇਗ ਦੀ ਫਤਿਹ)*

*(ਸਮਾਪਤ ਦੂਜਾ ਸੀਨ)*

ਪਿਛੋਂ ਬੋਲ : ਤੁਰ ਪਿਆ ਸੂਰਮਾ ਦਿਲ ਵਿਚ ਕੁਝ ਧਾਰ ਕੇ
ਘੋੜੀਆਂ ਦੁੜਾਈਆਂ ਰਾਏ ਦੀਆਂ ਵਾਜ ਚੁਣੌਤੀ ਵਾਲੀ ਮਾਰ ਕੇ
ਸੁਣ ਕੇ ਦਹਿਲ ਗਏ ਅਹਿਲਕਾਰ, ਸੌਂ ਗਏ ਜੋ ਸਨ ਜਾਗਦੇ
ਸੜਣਾ ਨਹੀਂ ਪਰਾਈ ਅੱਗ। ਇਹ ਉਹ ਸਭ ਜਾਣਦੇ

## ਸੀਨ ਤੀਜਾ

(ਚੌਧਰੀ ਇਧਰ ਉਧਰ ਘੁੰਮ ਰਿਹਾ ਹੈ। ਅਹਿਲਕਾਰ ਉਹਦੇ ਪਿਛੇ ਪਿਛੇ ਹੈ।)

ਚੌਧਰੀ : ਤਾਂ ਉਹ ਸਾਡੀਆਂ ਘੋੜੀਆਂ ਲੈ ਗਏ ਨੇ ?

ਅਹਿਲਕਾਰ : ਹਾਂ ਜਨਾਬ ਅਸਤਬਲ ਵਿਚ ਸਾਰਿਆਂ ਨਾਲੋਂ ਚੰਗੀ ਨਸਲ ਦੀਆਂ ਘੋੜੀਆਂ ਲੈ ਗਏ ਨੇ।

ਚੌਧਰੀ : ਪਹਿਰੇਦਾਰ ਕਿਥੇ ਸਨ ?

ਅਹਿਲਕਾਰ : ਉਥੇ ਹੀ ਸਨ।

ਚੌਧਰੀ : ਸਿਪਾਹੀ ਕਿਥੇ ਸਨ ?

ਅਹਿਲਕਾਰ : ਉਥੇ ਹੀ ਸਨ।

ਚੌਧਰੀ : ਕੀ ਸਾਰੇ ਸੁੱਤੇ ਪਏ ਸਨ ?

ਅਹਿਲਕਾਰ : ਕੁਝ ਸੁੱਤੇ ਸਨ ਤੇ ਕੁਝ ਜਾਗਦੇ ਸਨ ਪਰ ਜਿਹੜੇ ਜਾਗਦੇ ਸਨ, ਉਹ ਵੀ ਸੌਂ ਗਏ ਸਨ।

ਚੌਧਰੀ : ਕਿਉਂ ?

ਅਹਿਲਕਾਰ : ਦੂਜਿਆਂ ਦੀ ਅੱਗ ਕੋਈ ਨਹੀਂ ਸੜਦਾ ਜਨਾਬ।

ਚੌਧਰੀ : ਸਭ ਹਰਾਮ ਦੀਆਂ ਖਾਣ ਹੋ ਗਏ ਨੇ, ਪਤਾ ਨਹੀਂ ਲਗਾ ਉਹ ਧਾੜਵੀ ਕੌਣ ਸਨ ?

ਅਹਿਲਕਾਰ : ਹੋਰਨਾਂ ਦਾ ਤਾਂ ਪਤਾ ਨਹੀਂ, ਪਰ ਇਕ ਬਘੇਲ ਸਿੰਘ ਜ਼ਰੂਰ ਸੀ।

ਚੌਧਰੀ : ਕੌਣ ਬਘੇਲ ਸਿੰਘ ?

ਅਹਿਲਕਾਰ : ਜਿਹੜਾ ਪਰਸੋਂ ਆਇਆ ਸੀ।

ਚੌਧਰੀ : ਓਹੀ ਜੋ ਦੂਨੀ ਚੰਦ ਉਰਫ਼ ਬਘੇਲ ਸਿੰਘ ਸੀ

ਅਹਿਲਕਾਰ : ਹਾਂ ਉਹੀ, ਜੋ ਪਹਿਲੇ ਚੂਹਾ ਸੀ, ਫੇਰ ਸ਼ੇਰ ਬਣ ਗਿਆ ਸੀ

ਚੌਧਰੀ : ਸਿਪਾਹੀਆਂ ਨੂੰ ਭੇਜੋ ਬਘੇਲ ਸਿੰਘ ਨੂੰ ਪਕੜ ਕੇ ਲਿਆਉਣ। ਅੱਜ ਉਹ ਘੋੜੀਆਂ ਉਡਾ ਕੇ ਲੈ ਗਿਆ ਹੈ, ਕਲ ਕਨੀਜ਼ਾ ਉਡਾ ਕੇ ਲੈ ਜਾਏਗਾ ਤੇ ਪਰਸੋਂ...

ਅਹਿਲਕਾਰ : ਪਰਸੋਂ ਬੇਗਮਾਂ ਉਡਾ ਕੇ ਲੈ ਜਾਏਗਾ, ਪਰ ਜਨਾਬ ਸਿਪਾਹੀ ਜਦੋਂ ਬਘੇਲ ਸਿੰਘ ਦੇ ਘਰ ਗਏ ਤਾਂ ਉਹ ਘਰ ਨਹੀਂ ਸੀ।

ਚੌਧਰੀ : ਬਘੇਲ ਸਿੰਘ ਘਰ ਨਹੀਂ ਸੀ ਤਾਂ ਉਹਦੀ ਘਰ ਵਾਲੀ ਤਾਂ ਘਰ ਹੋਵੇਗੀ

ਅਹਿਲਕਾਰ : ਹਾਂ ਉਹ ਘਰ ਹੀ ਸੀ ਪਰ ਸਾਡੇ ਸਿਪਾਹੀ ਗਏ ਤਾਂ ਉਹ ਉਹਨਾਂ ਨੂੰ ਕੁੱਦ ਕੇ ਪਈ ਤੇ ਅੱਗੇ ਵੱਧ ਕੇ ਉਹਨੇ ਇਕ ਲੀਕ ਖਿੱਚ ਦਿੱਤੀ, ਜਿਹੜਾ ਸਿਪਾਹੀ ਉਸ ਲੀਕ ਦੇ ਅੱਗੇ ਵਧੇਗਾ ਤਾਂ ਉਹਦੀ ਜਾਨ ਦੀ ਖੈਰ ਨਹੀਂ, ਉਹ ਸ਼ੇਰਨੀ ਵਾਂਗ ਗਰਜੀ ਸੀ ਜਨਾਬ।

ਚੌਧਰੀ : ਅੱਗੇ ਔਰਤਾਂ ਪਰਦੇ ਵਿਚ ਰਹਿੰਦੀਆਂ ਸਨ ਤੇ ਹੁਣ ਉਹ ਸ਼ੇਰ ਵਾਂਗੂੰ ਗਰਜਦੀਆਂ ਨੇ ?

ਅਹਿਲਕਾਰ : ਹਾਂ ਜਨਾਬ ਗਰਜਦੀਆਂ ਨੇ ਤੇ ਇਹ ਵੀ ਉਸ ਮਿੱਠੇ ਪਾਣੀ ਦੀ ਤਾਸੀਰ ਏ, ਜਿਸ ਵਿਚ ਸ਼ੀਰਨੀ ਤਲਵਾਰ ਨਾਲ ਘੋਲੀ ਜਾਂਦੀ ਹੈ।

ਚੌਧਰੀ : ਇਕ ਔਰਤ ਜੇਕਰ ਕਾਬੂ ਨਹੀਂ ਕੀਤੀ ਜਾ ਸਕਦੀ ਤਾਂ ਤੂੰ ਸਿਪਾਹੀਆਂ ਦਾ ਸਿਪਾਹਸਲਾਰ ਕਿਸ ਮਰਜ ਦੀ ਦਵਾ ਏਂ ?

ਅਹਿਲਕਾਰ : ਮੈਂ ਤਾਂ ਬੜੀਆਂ ਮਰਜ਼ਾਂ ਦੀ ਦਵਾ ਹਾਂ, ਪਰ ਇਹ ਮਰਜ਼ ਤਾਂ ਹੁਣ ਨਵੀਂ ਆ ਗਈ ਏ, ਅੱਗੇ ਤਾਂ ਬਘੇਲ ਸਿੰਘ ਹੀ ਮਾਣ ਨਹੀਂ ਸੀ, ਹੁਣ ਬਘੇਲ ਸਿੰਘਣੀ ਆ ਗਈ ਏ ਜਨਾਬ। ਤੇ ਮੈਂ ਇਸ ਮਿੱਠੇ ਪਾਣੀ ਦੀ ਗਲ ਕਰ ਰਿਹਾ ਸਾਂ, ਹਾਂ ਇਸ ਨੂੰ ਇਹ ਅੰਮ੍ਰਿਤ ਕਹਿੰਦੇ ਨੇ, ਮੈਂ ਤਾਰਾ ਸਿੰਘ ਦੇ ਡੇਰੇ ਇਸ ਅੰਮ੍ਰਿਤ ਦਾ ਸਾਰਾ ਇਤਿਹਾਸ ਜਾਣ ਕੇ ਆਇਆ ਹਾਂ।

ਚੌਧਰੀ : ਕੀ ਜਾਣ ਕੇ ਆਇਆ ਏਂ ?

ਅਹਿਲਕਾਰ : ਜਨਾਬ ਇਹ ਬਾਗੀਆਂ ਦਾ ਟੋਲਾ ਏ, ਇਹਨਾਂ ਦਾ ਇਤਿਹਾਸ ਇਨ੍ਹਾਂ ਦੇ ਗੁਰੂ ਨਾਨਕ ਤੋਂ ਸ਼ੁਰੂ ਹੁੰਦਾ ਏ, ਜਿਸ ਨੇ ਬਾਬਰ ਦੇ ਮੂੰਹ 'ਤੇ ਆਖੀ ਸੀ ਕਿ ਉਹ ਪਾਪ ਦੀ ਜੰਞ ਲੈ ਕੇ ਕਾਬਲੋਂ ਆਇਆ ਏ।

ਚੌਧਰੀ : ਬਾਬਰ ਦੇ ਮੂੰਹ ਤੇ ਕਹੀ ਏਨੀ ਗੁਸਤਾਖੀ ?

ਅਹਿਲਕਾਰ : ਹਾਂ ਜਨਾਬ ਗੁਸਤਾਖੀ ਵਰਗੀ ਗੁਸਤਾਖੀ, ਜੇਲ ਵਿਚ ਇਹਨਾਂ ਦੇ ਨਾਨਕ ਨੇ ਚੱਕੀ ਪੀਸੀ ਪਰ ਸੱਚ ਦੇ ਰਾਹ ਤੋਂ ਨਾ ਟਲਿਆ। ਨਾਨਕ ਦੇ ਪੰਜਵੇਂ ਜਾਨਸ਼ੀਨ ਨੇ ਤੱਤੀ ਤਵੀ 'ਤੇ ਬੈਠ ਕੇ ਮੌਤ ਨੂੰ ਕਬੂਲ ਕੀਤਾ। ਤੇਰਾ ਭਾਣਾ ਮੀਠਾ ਲਾਗੈ' ਕਿਹਾ। ਨੌਂਵੇਂ ਜਾਨਸ਼ੀਨ ਨੇ ਦਿੱਲੀ, ਚਾਂਦਨੀ ਚੌਂਕ ਵਿਚ ਸਿਰ ਦਿੱਤਾ ਤੇ ਆਖਿਆ ਚਿੰਤਾ ਤਾਕੀ ਕੀਜੀਏ ਜੇ ਅਣੋਹਣੀ ਹੋਏ, ਇਹ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ। ਪਰ ਉਨ੍ਹਾਂ ਦੇ ਦਸਵੇਂ ਗੁਰੂ ਨੇ ਕਿਹਾ ਕਿ ਜ਼ਾਲਮਾਂ ਦਾ ਜਾਲਮ ਮੁਕਾਉਣ ਲਈ ਤਲਵਾਰ ਚੁੱਕਣੀ ਪੈਂਦੀ ਏ। ਉਸ ਨੇ ਆਪਣੇ ਪੈਰੋਕਾਰਾਂ ਦਾ ਇਮਤਿਹਾਨ ਲਿਆ। ਇਕ ਫੌਜ ਬਣਾਈ। ਅੰਮ੍ਰਿਤ ਪਿਆ ਕੇ ਉਨ੍ਹਾਂ ਨੂੰ ਇਕ ਅਨੁਸਾਸ਼ਨ ਦਿੱਤਾ ਤੇ ਜਨਾਬ ਇਹ ਅੰਮ੍ਰਿਤ ਹੀ ਹੈ, ਜਿਸ ਨੇ ਬਘੇਲ ਸਿੰਘ ਤੇ ਬਘੇਲ ਸਿੰਘਣੀਆਂ ਪੈਦਾ ਕਰ ਦਿੱਤੀਆਂ।

ਚੌਧਰੀ : ਪਰ ਤੈਨੂੰ ਇਹ ਲੰਮਾ ਚੌੜਾ ਬਿਆਨ ਦੇਣ ਲਈ ਕਿਸ ਨੇ ਕਿਹਾ ਏ, ਤੂੰ ਕਹਿਣਾ ਕੀ ਚਾਹੁੰਦਾ ਏਂ ?

ਅਹਿਲਕਾਰ : ਮੈਂ ਤਾਂ ਕਹਿਨਾ ਹਾਂ ਜਨਾਬ ਘੋੜੀਆਂ ਗਈਆਂ ਤਾਂ ਜਾਣ ਦਿਓ,

ਹੁਣ ਬੇਹਤਰੀ ਇਸੇ ਵਿਚ ਏ ਕਿ ਬੰਦਿਆਂ ਦੇ ਪੁੱਤਾਂ ਵਾਂਗ ਹੀ ਆਪਣਾ ਚੌਧਰਪੁਰਾ ਇਲਾਕੇ ਵਿਚ ਚਲਾਈਏ, ਇਹ ਨਾ ਹੋਵੇ ਕਿ ਬਗਾਵਤ ਹੋ ਜਾਏ ਤੇ ਜੋ ਰੋਟੀ ਖਾਂਦੇ ਹਾਂ ਉਸ ਤੋਂ ਵੀ ਜਾਈਏ

ਚੌਧਰੀ : ਕੀ ਮਤਲਬ ?

ਅਹਿਲਕਾਰ : ਜੇਕਰ ਫੌਜਦਾਰ ਨੂੰ ਪਤਾ ਲਗ ਗਿਆ ਕਿ ਇਲਾਕੇ ਵਿਚ ਸਾਡਾ ਰੋਅਬ ਨਹੀਂ ਰਿਹਾ ਤਾਂ ਉਹ ਹੋਰ ਕਿਸੇ ਨੂੰ ਇਲਾਕੇ ਦਾ ਚੌਧਰੀ ਬਣਾ ਦੇਵੇਗਾ। ਅਸੀਂ ਪੰਜ ਹਜ਼ਾਰ ਖਰਚ ਕੇ ਇਹ ਹੱਕ ਲਿਆ ਹੈ, ਕੋਈ ਪੰਜ ਹਜ਼ਾਰ ਇਕ ਸੌ ਵੀ ਖਰਚ ਸਕਦਾ ਹੈ।

ਚੌਧਰੀ : ਫੇਰ ਤੇਰੀ ਕੀ ਸਲਾਹ ਹੈ ?

ਅਹਿਲਕਾਰ : ਉਹ ਤਾਂ ਮੈਂ ਦੱਸ ਦਿੱਤੀ ਏ ਕਿ ਅਸੀਂ ਬੰਦੇ ਦੇ ਪੁੱਤ ਬਣ ਜਾਈਏ।

ਚੌਧਰੀ : ਐਵੇਂ ਬਣ ਜਾਈਏ, ਲੁੱਟ ਪਈ ਏ ਉਸ ਬਘੇਲ ਸਿੰਘ ਦੀ ਔਰਤ ਨਾਲ ਮੈਂ ਨਿਬੜਾਂਗਾ।

ਅਹਿਲਕਾਰ : ਜ਼ਰੂਰ ਨਿਬੜੋ ਜੀ, ਸਿਪਾਹੀ ਵੀ ਉਹਦਾ ਇਹ ਪੈਗਾਮ ਲਿਆਏ ਨੇ ਕਿ ਉਹ ਤੁਹਾਨੂੰ ਮਿਲਣਾ ਚਾਹੁੰਦੀ ਹੈ

ਚੌਧਰੀ : ਮਿਲਣਾ ਚਾਹੁੰਦੀ ਏ ? ਤਾਂ ਉਹਨੂੰ ਵਾਪਸ ਪੈਗਾਮ ਭੇਜੋ ਕਿ ਅਸੀਂ ਉਸਨੂੰ ਮਿਲਣ ਲਈ ਤਿਆਰ ਹਾਂ। ਨਹੀਂ ਪੈਗਾਮ ਭੇਜਣ ਦੀ ਲੋੜ ਨਹੀਂ, ਅਸੀਂ ਉਸ ਨੂੰ ਆਪ ਮਿਲਣ ਜਾਵਾਂਗੇ।

ਅਹਿਲਕਾਰ : ਤੁਸੀਂ ਜਾਉਗੇ ?

ਚੌਧਰੀ : ਕਿਉਂ ਨਹੀਂ, ਨਾਲੇ ਤੂੰ ਕਿਹਾ ਕਿ ਉਹ ਖੂਬਸੂਰਤ ਔਰਤ ਏ। ਖੂਬਸੂਰਤ ਔਰਤ ਨੂੰ ਮਿਲਣ ਵਿਚ ਸਾਨੂੰ ਖੁਸ਼ੀ ਹੁੰਦੀ ਏ

ਅਹਿਲਕਾਰ : ਹਾਂ ਜੀ ਇਹ ਤਾਂ ਤੁਹਾਡਾ ਸ਼ੌਂਕ ਏ

ਚੌਧਰੀ : ਤੂੰ ਸਾਰਾ ਬੰਦੋਬਸਤ ਕਰ।

ਅਹਿਲਕਾਰ : ਜੋ ਹੁਕਮ ਜਨਾਬ। (ਜਾਂਦਾ ਹੈ)

ਚੌਧਰੀ : ਦਿਲਸ਼ਾਦ ਬੇਗਮ, ਚਾਂਦ ਬੀਬੀ, ਜੋਹਰਾਬਾਈ ਨੂੰ ਤਾਂ ਰੋਜ਼ ਮਿਲਦੇ ਹਾਂ, ਹੁਣ ਸ਼ੇਰ ਦੀ ਬਘੇਲ ਸਿੰਘਣੀ ਨੂੰ ਵੀ ਮਿਲਾਂਗੇ।

## ਸੀਨ ਚੌਥਾ

ਪਿਛੋਂ ਆਵਾਜ਼ : ਤੇ ਚੌਧਰੀ ਸਾਹਿਬ ਰਾਏ ਸਿੰਘਣੀ ਬਘੇਲ ਸਿੰਘ ਨੂੰ ਉਹਦੇ ਘਰ ਮਿਲਣ ਗਿਆ। ਸਿੰਘਣੀ ਨੇ ਜਦੋਂ ਇਹ ਖਾਹਸ਼ ਦਸੀ ਕਿ ਉਹ ਚੌਧਰੀ ਹੋਰਾਂ ਨੂੰ ਇਕਲਿਆਂ ਮਿਲਣਾ ਚਾਹੇਗੀ ਤਾਂ ਚੌਧਰੀ ਹੋਰਾਂ ਨੇ ਇਸ ਦਾ ਹੋਰ ਮਤਲਬ ਲੈਂਦਿਆਂ ਹੋਇਆਂ, ਉਹਦੀ ਗੱਲ ਮੰਨ ਲਈ ਤੇ ਉਹ ਦੋਵੇਂ ਇਕੱਠੇ ਹੀ ਅੰਦਰ ਗਏ।

ਚੌਧਰੀ : ਤਾਂ ਤੂੰ ਹੀ ਬਘੇਲ ਸਿੰਘ ਦੀ ਔਰਤ ਏਂ

ਸਿੰਘਣੀ : ਹਾਂ ਮੈਂ ਉਹਦੀ ਜੀਵਨ ਸਾਥਣ ਹਾਂ।

ਚੌਧਰੀ : ਜੀਵਨ ਸਾਥਣ ?

ਸਿੰਘਣੀ : ਹਾਂ ਉਹਦੇ ਕਦਮ ਨਾਲ ਕਦਮ ਮਿਲਾ ਕੇ ਚੱਲਣਾ ਆਪਣਾ ਫਰਜ਼ ਸਮਝਦੀ ਹਾਂ, ਸਾਡੇ ਗੁਰੂ ਨੇ ਸਾਨੂੰ ਇਹੀ ਸਬਕ ਸਿਖਾਇਆ ਏ।

ਚੌਧਰੀ : ਤੈਨੂੰ ਪਤਾ ਏ ਬਘੇਲ ਸਿੰਘ ਕਿਥੇ ਗਿਆ ਏ ?

ਸਿੰਘਣੀ : ਮੈਨੂੰ ਨਹੀਂ ਪਤਾ, ਜੇ ਪਤਾ ਵੀ ਹੋਵੇ ਤਾਂ ਦੱਸਾਂਗੀ ਨਹੀਂ।

ਚੌਧਰੀ : ਕਿਉਂ ?

ਸਿੰਘਣੀ : ਕਿਉਂਕਿ ਉਹਨਾਂ ਦੇ ਜ਼ਿੰਮੇ ਕੁਝ ਕੰਮ ਨੇ

ਚੌਧਰੀ : ਕੀ ਕੰਮ ਨੇ ?

ਸਿੰਘਣੀ : ਇਸ ਧਰਤ ਤੇ ਜੋ ਕੁਝ ਗਲਤ ਏ, ਉਸ ਨੂੰ ਖਤਮ ਕਰਨਾ।

ਚੌਧਰੀ : ਕੀ ਗਲਤ ਏ ?

ਸਿੰਘਣੀ : ਸਭ ਕੁਝ ਹੀ ਗਲਤ ਏ, ਕਿਸਾਨ ਮੇਹਨਤ ਨਾਲ ਫਸਲ ਬੀਜਦੈ ਤੇ ਇਹ ਫਸਲ ਹਾਕਮਾਂ ਵਲੋਂ ਲੁੱਟੀ ਜਾਂਦੀ ਹੈ।

ਚੌਧਰੀ : ਤੈਨੂੰ ਪਤਾ ਏ, ਤੇਰੇ ਪਤੀ ਨੇ ਸਾਡੀਆਂ ਘੋੜੀਆਂ ਚੁਰਾਈਆਂ ਨੇ, ਉਹ ਚੋਰ ਏ, ਲੁਟੇਰਾ ਏ।

ਸਿੰਘਣੀ : ਮੇਰਾ ਪਤੀ ਚੋਰ ਨਹੀਂ, ਲੁਟੇਰਾ ਨਹੀਂ, ਸਗੋਂ ਉਹ ਚੋਰ ਅਤੇ ਲੁਟੇਰਿਆਂ ਵਿਰੁੱਧ ਤਲਵਾਰ ਚੁੱਕਣ ਵਾਲਾ ਏ।

ਚੌਧਰੀ : ਚਲ ਮੈਂ ਤੇਰੇ ਨਾਲ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ, ਇਹ ਤਲਵਾਰਾਂ ਦੀ ਗੱਲ ਔਰਤ ਦੇ ਮੂੰਹੋਂ ਚੰਗੀ ਨਹੀਂ ਲਗਦੀ।

ਸਿੰਘਣੀ : ਕਿਸੇ ਵੇਲੇ ਮੈਂ ਔਰਤ ਤੇ ਸਿਰਫ਼ ਔਰਤ ਸਾਂ, ਆਪਣੇ ਆਪ ਨੂੰ ਹੀਣ ਸਮਝਣ ਵਾਲੀ, ਪਰ ਹੁਣ ਨਹੀਂ।

ਚੌਧਰੀ : ਹੁਣ ਕੀ ਏ ?

ਸਿੰਘਣੀ : ਇਹ ਤਾਂ ਸਮਾਂ ਦੱਸੇਗਾ, ਮੈਂ ਤੁਹਾਨੂੰ ਇਹੀ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਪਤੀ ਤੇ ਉਹਦੇ ਸਾਥੀਆਂ ਨੇ ਤੁਹਾਡੇ ਜ਼ੁਲਮ ਦੇ ਵਿਰੁੱਧ ਜੰਗ ਦਾ ਐਲਾਨ ਕੀਤਾ ਹੈ ਤੇ ਉਹ ਉਨਾਂ ਰਵੈਤਾਂ ਨੂੰ ਪੂਰਾ ਕਰਨਗੇ, ਜੋ ਸਿੰਘਾਂ ਅਤੇ ਤੁਰਕਾਂ ਦੀਆਂ ਜੰਗਾਂ ਵਿਚ ਕਾਇਮ ਹੋਈਆਂ ਸਨ।

ਚੌਧਰੀ : ਕਿਹੜੀਆਂ ਰਵੈਤਾਂ ?

ਸਿੰਘਣੀ : ਜਿਨਾਂ ਬਾਰੇ ਕਬਿਤ ਲਿਖੇ ਗਏ ਹਨ।

ਚੌਧਰੀ : ਕਿਹੜੇ ਕਬਿਤ ?

ਸਿੰਘਣੀ : ਸੁਣੋ, ਹੱਲਾ ਕੀਤਾ ਵੈਰੀਆਂ ਧੂਹ ਕੇ ਤਲਵਾਰਾਂ

ਆ ਆਪਸ ਵਿਚ ਖੜਕੀਆਂ ਲੋਹੇ ਦੀਆਂ ਧਾਰਾਂ
ਇਕ ਇਕ ਸਿੰਘ ਦੀ ਲੋਥ ਕੋਲ ਪਏ ਤੁਰਕ ਅਠਾਰਾਂ

ਚੌਧਰੀ : ਮੈਂ ਤੇਰੇ ਨਾਲ ਪਿਆਰ ਦੀ ਗੱਲ ਕਰਨਾ ਚਾਹੁੰਦਾ ਹਾਂ, ਮੈਂ ਜੀਣ ਦੀ ਗੱਲ ਕਰਨਾ ਚਾਹੁੰਦਾ ਹਾਂ ਤੇ ਤੂੰ ਲੋਥਾਂ ਦੀ ਤੇ ਤਲਵਾਰ ਦੀ– ਔਰਤ ਦੀ ਥਾਂ ਹਮੇਸ਼ਾਂ ਚੁੱਲੇ ਅੱਗੇ ਹੁੰਦੀ ਏ ਤੇ ਜਾਂ...।

ਸਿੰਘਣੀ : ਜਾਂ ਕੀ ?

ਚੌਧਰੀ : ਜਾਂ ਮਰਦ ਦੀ ਬਗਲ ਵਿਚ। (ਥੋੜਾ ਜਿਹਾ ਅਗੇ ਵੱਧਦਾ ਹੈ, ਸਿੰਘਣੀ ਪਿਛੇ ਹਟਦੀ ਹੈ)

ਸਿੰਘਣੀ : ਤੁਸੀਂ ਚਾਹੁੰਦੇ ਕੀ ਹੋ ?

ਚੌਧਰੀ : ਇਕ ਮਰਦ ਇਕ ਔਰਤ ਤੋਂ ਕੀ ਚਾਹੁੰਦਾ ਏ। ਤੂੰ ਬਹਾਦੁਰ ਔਰਤ ਏਂ ਤੇ ਇਸ ਤੋਂ ਵੱਧ ਖ਼ੂਬਸੂਰਤ ਏਂ, ਇਸ ਲਈ ਮੈਂ ਚਾਹੁੰਦਾ ਹਾਂ ਕਿ ਤੂੰ ਮੇਰੇ ਦਿਲ ਦੀ ਰਾਣੀ ਬਣੇਂ। (ਅੱਗੇ ਵਧਦਾ ਹੈ, ਸਿੰਘਣੀ ਪਿਛੇ ਹਟਦੀ ਹੈ)

ਸਿੰਘਣੀ : ਖਬਰਦਾਰ, ਜੇ ਅੱਗੇ ਵਧੇ, ਤੁਹਾਡੇ ਲਈ ਠੀਕ ਨਹੀਂ ਹੋਵੇਗਾ।

ਚੌਧਰੀ : ਕੀ ਕਰ ਲਏਂਗੀ ? ਇਥੇ ਕੋਈ ਵੀ ਤੇਰੀ ਮਦਦ ਲਈ ਨਹੀਂ। ਉਹ ਬਘੇਲ ਸਿੰਘ ਵੀ ਨਹੀਂ। (ਸਿੰਘਣੀ ਪਾਸੇ ਪਈ ਕ੍ਰਿਪਾਨ ਚੁੱਕਦੀ ਹੈ)

ਸਿੰਘਣੀ : ਮੇਰੀ ਮਦਦ ਲਈ ਮੇਰਾ ਗੁਰੂ ਏ।

*(ਕਿਰਪਾਨ ਲੈ ਕੇ ਅੱਗੇ ਵਧਦੀ ਹੈ। ਚੌਧਰੀ ਪਿਛੇ ਹਟਦਾ ਹੈ, ਪਿਛੇ ਹਟਦਾ ਇਕ ਚੱਕਰ ਲਾਉਂਦਾ ਹੈ, ਤੇ ਫੇਰ ਬਾਹਰ ਜਾਂਦਾ ਹੈ। ਸਿੰਘਣੀ ਵੀ ਪਿਛੇ ਜਾਂਦੀ ਹੈ। ਇਕ ਆਵਾਜ਼ ਆਉਂਦਾ ਹੈ, ਜਿਸ ਤਰ੍ਹਾਂ ਚੌਧਰੀ ਕਿਰਪਾਨ ਨਾਲ ਮਾਰਿਆ ਗਿਆ ਹੈ ਬਘੇਲ ਕੌਰ ਕ੍ਰਿਪਾਨ ਚੁਕੀ ਮੰਚ 'ਤੇ ਆਉਂਦੀ ਹੈ ਤੇ ਇਕ ਵਿਸ਼ੇਸ਼ ਮੁਦਰਾ ਵਿਚ ਖਲੌਂਦੀ ਹੈ)*

ਪਿਛੋਂ ਆਵਾਜ਼ : ਫਿਰ ਵਧੀ ਬੀਬੀ ਬਘੇਲ ਕੌਰ ਹੱਥ ਪਕੜ ਭਵਾਨੀ
ਚੜੀ ਚੰਡਕਾ ਮਾਰਨੇ ਰਾਕਸ਼ ਅਭਿਮਾਨੀ
ਕੰਬਿਆ ਦਾਨੂੰ ਚੌਧਰੀ ਤਕ ਜੋਸ਼ ਜਵਾਨੀ
ਡਿਗਿਆ ਇਕੋ ਵਾਰ ਨਾਲ, ਨਾ ਮੰਗੇ ਪਾਣੀ

ਸਿੰਘਣੀ : ਜ਼ਾਲਮਾਂ ਸੰਗ ਟੱਕਰੋ ਬਣ ਭਵਾਨੀ
ਤੇਗ ਦਾ ਚਾਹ ਦੱਸਿਆ ਗੁਰੂ ਲਾਸਾਨੀ

ਕਥਾਕਾਰ : ਤੇ ਪੰਜਾਬ ਦੀ ਧਰਤੀ ਦੇ ਇਤਿਹਾਸ ਵਿਚ ਸਿੰਘਣੀ ਬਘੇਲ ਸਿੰਘ ਨੇ ਇਕ ਹੋਰ ਕਾਂਡ ਲਿਖਿਆ। ਔਰਤਾਂ ਕਿਸੇ ਕੰਮ ਵਿਚ ਮਰਦਾਂ

ਨਾਲੋਂ ਪਿਛੇ ਨਹੀਂ। ਸਾਡਾ ਇਤਿਹਾਸ ਇਹਦੀ ਸ਼ਾਹਦੀ ਭਰਦਾ ਹੈ, ਇਹ ਵਾਰਤਾ ਆਪਣੇ ਆਪ ਵਿਚ ਉਸ ਸੋਚ ਨੂੰ ਚੁਣੌਤੀ ਹੈ, ਜਦੋਂ ਸਾਡੇ ਸਮਾਜ ਵਿਚ ਨਵੇਂ ਨਵੇਂ ਟੈਸਟ ਕਰਵਾ ਕੇ ਬੇਟੀਆਂ ਨੂੰ ਗਰਭ ਵਿਚ ਹੀ ਖ਼ਤਮ ਕਰਨ ਦਾ ਰਿਵਾਜ ਹੋ ਗਿਆ ਹੈ। ਅੱਜ ਗੁਰੂ ਦਾ ਗੁਰਪੁਰਬ ਮਨਾਉਂਦਿਆਂ ਗੁਰੂ ਦੇ ਸਿੰਘ ਇਸ ਗੱਲ ਨੂੰ ਯਾਦ ਰੱਖਣਗੇ ਕਿ ਔਰਤ ਜਾਤ ਦੀ ਇੱਜ਼ਤ ਤੇ ਸਤਿਕਾਰ ਕਰਨਾ ਹਰ ਗੁਰੂ ਦੇ ਸਿੰਘ ਦਾ ਫਰਜ਼ ਹੈ।

*(ਹੱਥ ਜੋੜਦਾ ਹੈ ਤੇ ਜੈਕਾਰਿਆਂ ਦੇ ਨਾਲ ਨਾਟਕ ਖ਼ਤਮ ਹੁੰਦਾ ਹੈ।)*